Alberta

**ਨਿਊਜ਼** ਰਿਲੀਜ਼

# ਐਲਬਰਟਾ ਦੀ ਓਪਨ ਫਾਰ ਸਮਰ ਪਲੈਨ

26 ਮਈ 2021

---

## ਐਲਬਰਟਾ ਦੀ ਸਰਕਾਰ ਸੂਬੇ ਭਰ 'ਚੋਂ ਸਿਹਤ ਉਪਾਵਾਂ ਨੂੰ ਤਿੰਨ ਪੜ੍ਹਾਵਾਂ 'ਚ ਹਟਾ ਲਵੇਗੀ, ਜਦੋਂ ਕਿ ਵੈਕਸੀਂਨ ਲਗਾਉਣ ਦੇ ਨਿਸ਼ਾਨੇ ਪੂਰੇ ਹੋ ਰਹੇ ਹਨ ਅਤੇ ਹਸਪਤਾਲ ਦਾਖਲੇ ਘਟ ਰਹੇ ਹਨ।

ਐਲਬਰਟਾ ਦੀ ਓਪਨ ਫਾਰ ਸਮਰ ਪਲੈਨ ਸਿਹਤ ਪਾਬੰਦੀਆਂ ਨੂੰ ਹਟਾਉਣ ਅਤੇ ਸੁਰੱਖਿਆ ਸਹਿਤ ਆਮ ਵਰਗੀ ਸਥਿਤੀ 'ਚ ਵਾਪਸ ਮੁੜਨ ਲਈ ਇਕ ਤਿੰਨ-ਪੜਾਵੀ ਰੋਡ ਮੈਪ ਮੁਹੱਈਆ ਕਰਦੀ ਹੈ।

ਇਹ ਯੋਜਨਾਂ ਐਲਬਰਟਾ ਨਿਵਾਸੀਆਂ ਨੂੰ ਪਾਬੰਦੀਆਂ ਰਹਿਤ ਗਰਮੀਆਂ ਦੀ ਇਕ ਸਪੱਸ਼ਟ ਤਸਵੀਰ ਮੁਹੱਈਆ ਕਰਦੀ ਹੈ, ਜਦੋਂ ਤੱਕ ਕਿ ਐਲਬਰਟਾ ਨਿਵਾਸੀ ਥੋੜੇ ਹੋਰ ਸਮੇਂ ਲਈ ਪਬਲਿਕ ਸਿਹਤ ਉਪਾਵਾਂ ਦੀ ਪਾਲਣਾ ਕਰਨੀ ਜਾਰੀ ਰੱਖਦੇ ਹਨ ਅਤੇ ਵੈਕਸੀਨ ਲਗਾਉਣ ਦੀ ਗਿਣਤੀ ਤੇਜ਼ੀ ਨਾਲ ਵਧਣਾ ਜਾਰੀ ਰੱਖਦੀ ਹੈ।

ਐਲਬਰਟਾ ਦੀ ਓਪਨ ਫਾਰ ਸਮਰ ਪਲੈਨ 'ਚ ਵੈਕਸੀਨ ਲਗਾਉਣ ਦੀਆਂ ਮਿਥੀਆਂ ਸੀਮਾਵਾਂ ਅਤੇ ਹਸਪਤਾਲ ਦਾਖਲਿਆਂ 'ਤੇ ਆਧਾਰਿਤ ਤਿੰਨ ਪੜਾਅ ਸ਼ਾਮਲ ਹਨ:

- ਪੜਾਅ 1 : 12 ਸਾਲ ਤੋਂ ਵੱਧ ਉਮਰ ਦੇ 50 ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲੱਗ ਚੁੱਕਣ ਤੋਂ ਦੋ ਹਫਤੇ ਮਗਰੋਂ ਅਤੇ ਕੋਵਿਡ-19 ਨਾਲ ਸਬੰਧਤ ਹਸਪਤਾਲ ਦਾਖਲੇ 800 ਤੋਂ ਘੱਟ ਹਨ ਅਤੇ ਘਟੀ ਜਾ ਰਹੇ ਹਨ।
- ਪੜਾਅ 2: 12 ਸਾਲ ਤੋਂ ਵੱਧ ਉਮਰ ਦੇ 60 ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲੱਗ ਚੁੱਕਣ ਤੋਂ ਦੋ ਹਫਤੇ ਮਗਰੋਂ ਅਤੇ ਕੋਵਿਡ-19 ਨਾਲ ਸਬੰਧਤ ਹਸਪਤਾਲ ਦਾਖਲੇ 500 ਤੋਂ ਘੱਟ ਹਨ ਅਤੇ ਘਟੀ ਜਾ ਰਹੇ ਹਨ।
- ਪੜਾਅ 3 : 12 ਸਾਲ ਤੋਂ ਵੱਧ ਉਮਰ ਦੇ 70 ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲੱਗ ਚੁੱਕਣ ਤੋਂ ਦੋ ਹਫਤੇ ਮਗਰੋਂ।

ਕਿਉਂਕਿ ਐਲਬਟਰਟਾ 18 ਮਈ ਨੂੰ ਵੈਕਸੀਨ ਦੀ ਇਕ ਖੁਰਾਕ ਲਗਾਉਣ ਦੀ 50 ਪ੍ਰਤਿਸ਼ਤ ਦੀ ਮਿਥੀ ਸੀਮਾ ਨੂੰ ਪਹੁੰਚ ਚੁੱਕਿਆ ਹੈ, ਅਤੇ ਹਸਪਤਾਲ ਦਾਖਲੇ 800 ਤੋਂ ਕਾਫੀ ਹੇਠਾਂ ਹਨ, ਐਲਬਰਟਾ 1 ਜੂਨ ਨੂੰ ਪੜਾਅ 1 'ਚ ਦਾਖਲ ਹੋਵੇਗਾ। ਵੈਕਸੀਨ ਲਗਾਉਣ ਦੀ ਮੌਜੂਦਾ ਗਤੀ ਦੇ ਆਧਾਰ 'ਤੇ ਐਲਬਰਟਾ ਦੇ ਮੱਧ ਜੂਨ 'ਚ ਪੜਾਅ 2 'ਚ ਅਤੇ ਜੂਨ ਦੇ ਅੰਤ ਜਾਂ ਜੁਲਾਈ ਦੇ ਸ਼ੁਰੂ 'ਚ ਪੜਾਅ 3 'ਚ ਦਾਖਲ ਹੋਣ ਦਾ ਅਨੁਮਾਨ ਹੈ। ਇਹ ਕੇਵਲ ਅੰਦਾਜ਼ੇ ਹਨ ਅਤੇ ਸਾਰੇ ਐਲਬਰਟਾ ਨਿਵਾਸੀਆਂ ਵੱਲੋਂ ਹਸਪਤਾਲ ਦਾਖਲਿਆਂ ਨੂੰ ਲਗਾਤਾਰ ਹੇਠਾਂ ਲਿਜਾਈ ਜਾਣ ਅਤੇ ਵੈਕਸੀਨ ਲਗਵਾਉਣ ਦੀ ਗਿਣਤੀ ਵਧਾਈ ਜਾਣ 'ਤੇ ਨਿਰਭਰ ਕਰਦੇ ਹਨ।

**ਪੜਾਅ 1 : 12 ਸਾਲ ਤੋਂ ਵੱਧ ਉਮਰ ਦੇ 50  ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖ਼ੁਰਾਕ ਲੱਗ ਚੁੱਕਣ ਤੋਂ ਦੋ ਹਫਤੇ ਮਗਰੋਂ ਅਤੇ ਕੋਵਿਡ-19 ਨਾਲ ਸਬੰਧਤ ਹਸਪਤਾਲ ਦਾਖਲੇ 800 ਤੋਂ ਘੱਟ ਹਨ ਅਤੇ ਘਟੀ ਜਾ ਰਹੇ ਹਨ।**

28 ਮਈ ਤੋਂ ਸ਼ੁਰੂ ਹੁੰਦਿਆਂ:

- ਪੂਜਾ ਸੇਵਾਵਾਂ ਲਈ ਗਿਣਤੀ ਦੀ ਹੱਦ ਵਧ ਕੇ ਫਾਇਰ ਕੋਡ ਸਮਰੱਥਾ ਦੇ 15  ਪ੍ਰਤਿਸ਼ਤ ਤੱਕ ਹੋ ਜਾਂਦੀ ਹੈ।

1 ਜੂਨ ਤੋਂ ਸ਼ੁਰੂ ਹੁੰਦਿਆਂ:

- ਦੂਰੀ ਸਹਿਤ, ਆਊਟ ਡੋਰ ਸਮਾਜਿਕ ਇਕੱਠਾਂ 'ਚ ਗਿਣਤੀ 10 ਲੋਕਾਂ ਤੱਕ ਵਧ ਜਾਂਦੀ ਹੈ।
    - ਇੰਨਡੋਰ ਸਮਾਜਿਕ ਇਕੱਠਾਂ ਦੀ ਅਜੇ ਵੀ ਇਜ਼ਾਜਤ ਨਹੀਂ ਹੈ।
- ਆਊਟਡੋਰ ਪੈਟਿਓ ਖਾਣਾ ਵੱਧ ਤੋਂ ਵੱਧ ਚਾਰ ਵਿਅਕਤੀ ਪ੍ਰਤਿ ਟੇਬਲ ਸਹਿਤ ਫਿਰ ਸ਼ੁਰੂ ਹੋ ਸਕਦਾ ਹੈ।
    - ਟੇਬਲ ਉੱਪਰ ਸਾਰੇ ਵਿਅਕਤੀ ਜ਼ਰੂਰੀ ਤੌਰ 'ਤੇ ਇਕੋ ਹੀ ਪਰਿਵਾਰ ਦੇ ਮੈਂਬਰ ਹੋਣ, ਜਾਂ ਉਹ ਵਿਅਕਤੀ ਜੋ ਇਕੱਲਾ ਰਹਿੰਦਾ ਹੈ, ਉਸ ਲਈ ਖਾਣੇ ਦੀਆਂ ਪਾਰਟੀਆਂ ਦੋ ਨਿਕਟ ਸਬੰਧੀਆਂ ਤੱਕ ਸੀਮਤ ਹਨ।
    - ਸਰੀਰਕ ਦੂਰੀ ਰੱਖਣਾ ਅਤੇ ਹੋਰ ਪਾਬੰਦੀਆਂ ਅਜੇ ਲਾਗੂ ਹਨ।
- ਆਊਟਡੋਰ ਸਰੀਰਕ ਪ੍ਰਫਾਰਮੈਂਸ ਅਤੇ ਰਿਕ੍ਰੀਏਸ਼ਨਲ ਐਕਟਿਵਿਟੀਆਂ ਦੀ, ਹਰ ਉਮਰ ਦੇ ਲੋਕਾਂ ਲਈ, ਦੂਰੀ ਰੱਖਦੇ 10 ਵਿਅਕਤੀਆਂ ਤੱਕ ਵਾਸਤੇ ਇਜਾਜ਼ਤ ਹੈ।
- ਰਿਟੇਲ ਕਾਰੋਬਾਰ ਗਿਣਤੀ ਨੂੰ ਆਪਣੀ ਫਾਇਰ ਕੋਡ ਸਮਰੱਥਾ ਦੇ 15 ਪ੍ਰਤਿਸ਼ਤ ਤੱਕ ਵਧਾ ਸਕਦੇ ਹਨ (ਦੂਰੀ ਰੱਖਣ ਦੀ ਯੋਗਤਾ ਨੂੰ ਜ਼ਰੂਰ ਬਣਾਈ ਰੱਖਣ)।
- ਨਿੱਜੀ ਅਤੇ ਵੈੱਲਨੈੱਸ ਸੇਵਾਵਾਂ, ਕੇਵਲ ਐਪੁਆਇੰਟਮੈਂਟ ਦੁਆਰਾ, ਮੁੜ ਖੁੱਲ੍ਹ ਸਕਦੀਆਂ ਹਨ।
- ਵਿਆਹ ਦੀਆਂ ਰਸਮਾਂ 'ਚ 10 ਤੱਕ ਲੋਕ ਸ਼ਾਮਲ ਹੋ ਸਕਦੇ ਹਨ, ਸਮੇਤ ਗ੍ਰੰਥੀ, ਲਾੜੀ/ਲਾੜਾ, ਗਵਾਹ ਅਤੇ ਫੋਟੋਗਰਾਫਰ/ਵੀਡੀਓਗਰਾਫਰ। ਰਿਸੈਪਸ਼ਨ ਪਾਰਟੀਆਂ ਮਨ੍ਹਾਂ ਰਹਿਣਗੀਆਂ।
- ਸਸਕਾਰ ਦੀਆਂ ਰਸਮਾਂ 'ਚ 20 ਤੱਕ ਲੋਕ ਸ਼ਾਮਲ ਹੋ ਸਕਦੇ ਹਨ, ਜਿੰਨ੍ਹਾਂ 'ਚ ਫੈਸਿਲਿਟੀ ਦਾ ਸਟਾਫ, ਸਸਕਾਰ ਰਸਮਾਂ ਨਿਭਾਉਣ ਵਾਲਾ ਧਾਰਮਿਕ ਵਿਅਕਤੀ ਜਾਂ ਪ੍ਰਬੰਧਕ, ਜੋ ਮਹਿਮਾਨ ਨਹੀਂ ਸਮਝੇ ਜਾਂਦੇ, ਸ਼ਾਮਲ ਨਹੀਂ ਹੋਣਗੇ। ਰਿਸੈਪਸ਼ਨਾਂ ਮਨ੍ਹਾਂ ਰਹਿਣਗੀਆਂ।
- ਦੂਰੀ ਰੱਖਣ ਅਤੇ ਮਾਸਕ ਪਾਉਣ ਦੀਆਂ ਜ਼ਰੂਰਤਾਂ ਲਾਗੂ ਰਹਿਣਗੀਆਂ।

**ਪੜਾਅ 2: 12 ਸਾਲ ਤੋਂ ਵੱਧ ਉਮਰ ਦੇ 60 ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖ਼ੁਰਾਕ ਲੱਗ ਚੁੱਕਣ ਤੋਂ ਦੋ ਹਫਤੇ ਮਗਰੋਂ ਅਤੇ ਕੋਵਿਡ-19 ਨਾਲ ਸਬੰਧਤ ਹਸਪਤਾਲ ਦਾਖਲੇ 500 ਤੋਂ ਘੱਟ ਹਨ ਅਤੇ ਘਟੀ ਜਾ ਰਹੇ ਹਨ।**

- ਦੂਰੀ ਸਹਿਤ ਆਊਟਡੋਰ ਸਮਾਜਿਕ ਇਕੱਠ 'ਚ ਗਿਣਤੀ 20 ਲੋਕਾਂ ਤੱਕ ਵਧ ਜਾਂਦੀ ਹੈ।
- ਵਿਆਹ ਦੀਆਂ ਰਸਮਾਂ 20 ਹਾਜ਼ਰੀਨਾਂ ਤੱਕ ਨਾਲ ਹੋ ਸਕਦੀਆਂ ਹਨ। ਕੇਵਲ ਆਊਟਡੋਰ ਰਿਸੈਪਸ਼ਨ ਪਾਰਟੀਆਂ ਦੀ ਇਜਾਜ਼ਤ ਹੈ।

- ਸਸਕਾਰ ਦੀਆਂ ਰਸਮਾਂ ਸਬੰਧੀ ਤਬਦੀਲੀ ਨਹੀਂ, ਜਿੰਨ੍ਹਾਂ ਲਈ 20 ਲੋਕਾਂ ਤੱਕ ਦੀ ਇਜਾਜ਼ਤ ਹੈ, ਇੰਨ੍ਹਾਂ 'ਚ ਫੈਸਿਲਿਟੀ ਦਾ ਸਟਾਫ, ਸਸਕਾਰ ਰਸਮਾਂ ਨਿਭਾਉਣ ਵਾਲਾ ਧਾਰਮਿਕ ਵਿਅਕਤੀ ਜਾਂ ਪ੍ਰਬੰਧਕ ਜੋ ਮਹਿਮਾਨ ਨਹੀਂ ਸਮਝੇ ਜਾਂਦੇ, ਸ਼ਾਮਲ ਨਹੀਂ ਹੋਣਗੇ। ਕੇਵਲ ਆਊਟਡੋਰ ਰਿਸੈਪਸ਼ਨਾਂ ਦੀ ਇਜਾਜ਼ਤ ਹੈ।
- ਰੈਸਟੋਰੈਂਟ ਛੇ ਵਿਅਕਤੀਆਂ ਤੱਕ ਲਈ ਟੇਬਲ ਲਗਾ ਸਕਦੇ ਹਨ, ਇੰਨਡੋਰ ਜਾਂ ਆਊਟ ਡੋਰ।
  - ਖਾਣੇ ਦੀਆਂ ਪਾਰਟੀਆਂ ਹੁਣ ਕੇਵਲ ਪਰਿਵਾਰ ਮੈਂਬਰਾਂ ਤੱਕ ਸੀਮਤ ਨਹੀਂ ਹੋਣਗੀਆਂ।
  - ਸਰੀਰਕ ਦੂਰੀ ਰੱਖਣਾ ਅਤੇ ਹੋਰ ਪਾਬੰਦੀਆਂ ਅਜੇ ਵੀ ਲਾਗੂ ਹਨ।
- ਰਿਟੇਲ ਕਾਰੋਬਾਰਾਂ ਲਈ ਗਿਣਤੀ ਫਾਇਰ ਕੋਡ ਸਮਰੱਥਾ ਦੇ ਤੀਜੇ ਹਿੱਸੇ ਤੱਕ ਵਧ ਜਾਂਦੀ ਹੈ (ਦੂਰੀ ਰੱਖਣ ਦੀ ਯੋਗਤਾ ਨੂੰ ਜ਼ਰੂਰ ਬਣਾਈ ਰੱਖਣ)।
- ਪੂਜਾ ਸਥਾਨਾਂ ਲਈ ਗਿਣਤੀ ਫਾਇਰ ਕੋਡ ਸਮਰੱਥਾ ਦੇ ਤੀਜੇ ਹਿੱਸੇ ਤੱਕ ਵਧ ਜਾਂਦੀ ਹੈ।
- ਜਿੰਮ ਅਤੇ ਹੋਰ ਇੰਨਡੋਰ ਫਿੱਟਨੈੱਸ ਥਾਵਾਂ ਇਕੱਲਿਆਂ ਇਕੱਲਿਆਂ ਅਤੇ ਡਰਾਪ-ਇਨ ਐਕਟਿਵਿਟੀਆਂ, ਭਾਗ ਲੈਣ ਵਾਲਿਆਂ ਦਰਮਿਆਨ ਤਿੰਨ–ਮੀਟਰ ਦੀ ਦੂਰੀ ਸਹਿਤ, ਖੁੱਲ੍ਹ ਜਾਣਗੀਆਂ ਅਤੇ ਫਿੱਟਨੈੱਸ ਕਲਾਸਾਂ, ਤਿੰਨ-ਮੀਟਰ ਦੂਰੀ ਸਹਿਤ, ਮੁੜ ਲੱਗ ਸਕਦੀਆਂ ਹਨ।
- ਇੰਨਡੋਰ ਰਿਕ੍ਰੀਏਸ਼ਨ ਸੈਂਟਰਾਂ ਸਮੇਤ, ਇੰਨਡੋਰ ਥਾਵਾਂ ਆਪਣੀ ਫਾਇਰ ਕੋਡ ਸਮਰੱਥਾ ਦੇ ਤੀਜੇ ਹਿੱਸੇ ਦੀ ਗਿਣਤੀ ਤੱਕ ਲਈ ਖੁੱਲ੍ਹ ਸਕਦੀਆਂ ਹਨ। ਇੰਨ੍ਹਾਂ 'ਚ ਐਰੀਨੇ, ਸਿਨੇਮੇ, ਥੀਏਟਰ, ਮਿਊਜ਼ੀਅਮ, ਆਰਟ ਗੈਲਰੀਆਂ ਅਤੇ ਲਾਇਬਰੇਰੀਆਂ ਸ਼ਾਮਲ ਹਨ।
- ਇੰਨਡੋਰ ਅਤੇ ਆਊਟਡੋਰ ਯੂਥ ਅਤੇ ਅਡਲਟ ਸਪੋਰਟਸ ਬਿਨਾਂ ਪਾਬੰਦੀਆਂ ਤੋਂ ਮੁੜ ਚਾਲੂ ਹੋ ਜਾਂਦੀਆਂ ਹਨ।
- ਯੂਥ ਐਕਟਿਵਿਟੀਆਂ, ਜਿਵੇਂ ਡੇ ਕੈਂਪ ਅਤੇ ਪਲੇਅ ਸੈਂਟਰ ਪਾਬੰਦੀਆਂ ਸਹਿਤ ਮੁੜ ਚਾਲੂ ਹੋ ਸਕਦੇ ਹਨ।
- ਨਿੱਜੀ ਅਤੇ ਵੈੱਲਨੈੱਸ ਸੇਵਾਵਾਂ ਵਾਕ-ਇੰਨ ਸੇਵਾਵਾਂ ਵਾਸਤੇ ਮੁੜ ਖੁੱਲ੍ਹ ਸਕਦੀਆਂ ਹਨ।
- ਪੋਸਟ-ਸੈਕੰਡਰੀ ਸੰਸਥਾਵਾਂ ਇੰਨ-ਪਰਸਨ ਪੜ੍ਹਾਈ ਲਈ ਮੁੜ ਚਾਲੂ ਹੋ ਸਕਦੀਆਂ ਹਨ।
- ਘਰ-ਤੋਂ-ਕੰਮ ਕਰਨ ਦਾ ਹੁਕਮ ਚੁੱਕਿਆ ਜਾਂਦਾ ਹੈ ਪਰੰਤੂ ਅਜੇ ਵੀ ਇਸਦੀ ਸਿਫਾਰਸ਼ ਕੀਤੀ ਜਾਂਦੀ ਹੈ।
- ਸਥਿਰ ਸੀਟਾਂ ਵਾਲੀਆਂ ਆਊਟਡੋਰ ਫੈਸਿਲਿਟੀਆਂ (ਮਿਸਾਲ ਵਜੋਂ ਗਰੈਂਡਸਟੈਂਡ) ਆਪਣੀ ਬੈਠਣ ਦੀ ਸਮਰੱਥਾ ਦੇ ਤੀਜੇ ਹਿੱਸੇ ਸਹਿਤ ਖੁੱਲ੍ਹ ਸਕਦੀਆਂ ਹਨ।
- ਪਬਲਿਕ ਆਊਟਡੋਰ ਇਕੱਠਾਂ (ਮਿਸਾਲ ਵਜੋਂ ਕਾਂਨਸਰਟ/ਫੈਸਟੀਵਲ), 'ਚ ਗਿਣਤੀ, ਪਾਬੰਦੀਆਂ ਸਹਿਤ, 150 ਲੋਕਾਂ ਤੱਕ ਵਧ ਜਾਂਦੀ ਹੈ।
- ਦੂਰੀ ਬਣਾ ਕੇ ਰੱਖਣ ਅਤੇ ਮਾਸਕ ਪਾਉਣ ਦੀਆਂ ਜ਼ਰੂਰਤਾਂ ਲਾਗੂ ਰਹਿੰਦੀਆਂ ਹਨ।

**ਪੜਾਅ 3 : 12 ਸਾਲ ਤੋਂ ਵੱਧ ਉਮਰ ਦੇ 70 ਪ੍ਰਤਿਸ਼ਤ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਦੀ ਘੱਟੋ ਘੱਟ ਇਕ ਖੁਰਾਕ ਲੱਗ ਚੁੱਕਣ ਤੋਂ ਦੋ ਹਫਤੇ ਮਗਰੋਂ।**

- ਇਨਡੋਰ ਸਮਾਜਿਕ ਇੱਕਠਾਂ ਉਪਰ ਲੱਗੀ ਮਨਾਹੀ ਸਮੇਤ, ਸਾਰੀਆਂ ਪਾਬੰਦੀਆਂ ਚੁੱਕ ਦਿੱਤੀਆਂ ਜਾਂਦੀਆਂ ਹਨ।
- ਕੋਵਿਡ-19 ਦੇ ਪੁਸ਼ਟੀਕ੍ਰਿਤ ਕੇਸਾਂ ਵਾਸਤੇ ਇਕਾਂਤਵਾਸ ਦੀਆਂ ਜ਼ਰੂਰਤਾਂ ਅਤੇ ਕਾਂਟੀਨਿਊਇੰਗ ਕੇਅਰ ਵਾਲੀਆਂ ਥਾਵਾਂ 'ਚ ਕੁਝ ਸੁਰੱਖਿਆ ਉਪਾਅ ਲਾਗੂ ਰਹਿੰਦੇ ਹਨ।

ਲਾਗੂ ਰਹਿੰਦੀਆਂ ਸਾਰੀਆਂ ਪਾਬੰਦੀਆਂ ਅਤੇ ਉਪਾਆਵਾਂ ਸਬੰਧੀ ਵਧੀਕ ਵਿਸਥਾਰ ਹਰੇਕ ਪੜਾਅ ਤੋਂ ਪਹਿਲਾਂ ਜਾਰੀ ਕੀਤੇ ਜਾਣਗੇ। ਐਲਬਰਟਾ ਨਿਵਾਸੀ ਸੂਬੇ ਦੀ ਟੀਕਾਕਰਨ ਦੀ ਪ੍ਰਗਤੀ ਨੂੰ alberta.ca 'ਤੇ ਵੇਖ ਸਕਦੇ ਹਨ।

ਮੁੜ-ਖੁੱਲ੍ਹਣ ਦੇ ਸਾਰੇ ਅਮਲ ਦੌਰਾਨ ਕੋਵਿਡ-19 ਦੇ ਸੂਬਾਈ ਲਾਗ ਸੰਚਾਰ ਨੂੰ ਵਾਚਣਾ ਲਗਾਤਾਰ ਜਾਰੀ ਰਹੇਗਾ। ਜੇਕਰ ਜ਼ਰੂਰਤ ਪਈ ਤਾਂ ਖੇਤਰੀ ਜਾਂ ਸੂਬਾਈ ਪੱਧਰ 'ਤੇ ਕੋਵਿਡ-19 ਦੇ ਲਾਗ ਸੰਚਾਰ ਦੇ ਰੁਝਾਨਾਂ ਨਾਲ ਨਿਪਟਣ ਲਈ ਮੁੜ-ਖੁੱਲ੍ਹਣ ਦੇ ਕਿਸੇ ਕਦਮ ਨੂੰ ਰੋਕਿਆ ਵੀ ਜਾ ਸਕਦਾ ਹੈ। ਮੁੜ-ਖੁੱਲ੍ਹਣ ਦੀ ਨਿਰੰਤਰਤਾ, ਐਲਬਰਟਾ ਨਿਵਾਸੀਆਂ ਦੇ ਗਰਮੀਆਂ ਦੇ ਮਹੀਨਿਆਂ ਦੌਰਾਨ ਕੋਵਿਡ-19 ਦੇ ਭਵਿੱਖੀ ਫੈਲਾਅ ਦੀ ਰੋਕਥਾਮ ਲਈ ਦੋਹਾਂ ਖੁਰਾਕਾਂ ਸਮੇਤ ਮੁਕੰਮਲ ਰੂਪ 'ਚ ਵੈਕਸੀਨ ਲਗਵਾ ਲੈਣ 'ਤੇ ਨਿਰਭਰ ਕਰੇਗੀ।

**ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।**

## ਫੌਰੀ ਤੱਥ

- ਐਲਬਰਟਾ 'ਚ ਵੈਕਸੀਨ ਦੀਆਂ 2.55 ਮਿਲੀਅਨ ਤੋਂ ਵੱਧ ਖੁਰਾਕਾਂ ਲਗਾਈਆਂ ਜਾ ਚੁੱਕੀਆਂ ਹਨ।

## ਸਬੰਧਤ ਜਾਣਕਾਰੀ

- Alberta's Open for Summer Plan

## ਮਲਟੀਮੀਡੀਆ

- Watch the news conference

## ਮੀਡੀਆ ਇਨਕੁਆਰੀਆਂ

Jerrica Goodwin
587-988-3278
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

Tom McMillan
780-422-4905
ਅਸਿਸਟੈਂਟ ਡਾਇਰੈਕਟਰ ਆਫ ਕਮਿਊਨੀਕੇਸ਼ਨਜ਼, ਹੈਲਥ

*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: https://www.alberta.ca/covid-19-translated-resources.aspx.*